# ਸਕੂਲ ਵਿੱਚ ਰਚਣ ਮਿਚਣ ਬਾਰੇ ਤੱਥਸ਼ੀਟ
# ਨਵੇਂ ਆਏ ਮਾਤਾ-ਪਿਤਾ ਅਤੇ ਕੇਅਰਰ

### ਬੱਚਿਆਂ ਨੂੰ ਸੁਰੱਖਿਅਤ, ਖ਼ੁਸ਼ ਰਹਿਣ ਅਤੇ ਸਿੱਖਣ ਵਿਚ ਸਹਾਇਤਾ ਕਰ ਰਹੇ ਮਾਤਾ-ਪਿਤਾ

National Family & Parenting Institute

## ਭੂਮਿਕਾ

## ਪ੍ਰਾਇਮਰੀ ਸਕੂਲ ਕੀ ਹੈ ?

- ਯੂ.ਕੇ. ਵਿਚ ਚਾਰ ਸਾਲ ਤੋਂ ਗਿਆਰਾਂ ਸਾਲ ਦੀ ਉਮਰ ਦੇ ਬੱਚੇ ਪ੍ਰਾਇਮਰੀ ਸਕੂਲ ਵਿਚ ਜਾਂਦੇ ਹਨ।
- ਪ੍ਰਾਇਮਰੀ ਸਕੂਲ ਵਿਚ ਬੱਚੇ ਸ਼ੁਰੂ ਵਿੱਚ ਮੁੱਢਲੀ ਸਾਖਰਤਾ , ਗਿਣਤੀ ਦੇ ਨਾਲ ਨਾਲ ਸਾਇੰਸ , ਭੂਗੋਲ, ਇਤਿਹਾਸ ਅਤੇ ਹੋਰ ਵਿਸ਼ਿਆਂ ਦੀ ਸਿੱਖਿਆ ਲੈਂਦੇ ਹਨ ਜਿੰਨ੍ਹਾਂ ਵਿੱਚ ਸ਼ਾਮਲ ਹੈ ਸੰਗੀਤ, ਕਲਾ, ਖੇਡਾਂ। ਪ੍ਰਾਇਮਰੀ ਸਕੂਲ ਵਿੱਚ ਵਿਦਿਆਰਥੀ SATS ਦੇ ਇਮਤਿਹਾਨਾਂ ਵਿੱਚ ਬੈਠਦੇ ਹਨ।
- ਸਕੂਲ ਦੇ ਵਿਦਿਆਰਥੀਆਂ ਨੂੰ ਆਮ ਤੌਰ ਤੇ ਸਕੂਲ ਦੇ ਰੰਗਾਂ ਵਿੱਚ ਇੱਕ ਵਿਸ਼ੇਸ਼ ਵਰਦੀ ਪਾਉਣੀ ਪੈਂਦੀ ਹੈ।
- ਪ੍ਰਾਇਮਰੀ ਸਕੂਲ ਵਿਚ ਜਾਣਾ ਸ਼ੁਰੂ ਕਰਕੇ, ਇੱਕ ਰੁਟੀਨ ਕਾਇਮ ਕਰਨ ਅਤੇ ਦੋਸਤ ਬਣਾਉਣ ਨਾਲ ਯੂ.ਕੇ. ਵਿਚ ਰਹਿਣ ਆ ਰਹੇ ਸ਼ਰਨਾਰਥੀ ਬੱਚਿਆਂ ਨੂੰ ਨਵੀਂ ਤਰ੍ਹਾਂ ਦੇ ਜੀਵਨ ਵਿੱਚ ਰਚਣ ਮਿਚਣ ਵਿੱਚ ਸਹਾਇਤਾ ਮਿਲਦੀ ਹੈ।
- ਉਨ੍ਹਾਂ ਦਾ ਮੂਲ ਦੇਸ਼, ਧਰਮ, ਵਿਸ਼ਵਾਸ਼ ਜਾਂ ਪਿਛਲੇ ਅਨੁਭਵ ਕੋਈ ਵੀ ਹੋਣ, ਪ੍ਰਾਇਮਰੀ ਸਕੂਲ ਹਰ ਬੱਚੇ ਨੂੰ ਚੰਗੀ ਪੱਧਰ ਦੀ ਸਿੱਖਿਆ ਅਤੇ ਉਸਾਰੂ ਅਨੁਭਵ ਮੁਹੱਈਆ ਕਰਨ ਲਈ ਵਚਨਬੱਧ ਹੈ।
- ਇਹ ਤੁਹਾਡੇ ਬੱਚੇ ਲਈ ਨਵੀਆਂ ਕੁਸ਼ਲਤਾਵਾਂ ਸਿੱਖਣ ਅਤੇ ਨਵੇਂ ਦੋਸਤ ਬਣਾਉਣ ਲਈ ਇੱਕ ਮੌਕਾ ਹੈ।

## ਇੱਕ ਨਵੇਂ ਆਏ ਬੱਚੇ ਨੂੰ ਰਚਣ ਮਿਚਣ ਵਿੱਚ ਸਹਾਇਤਾ ਕਰਨੀ

ਸਕੂਲ ਉਹ ਹਰ ਕੰਮ ਕਰਨ ਲਈ ਤਿਆਰ ਹੈ, ਜੋ ਸ਼ਰਨਾਰਥੀ ਪਰਿਵਾਰਾਂ ਅਤੇ ਬੱਚਿਆਂ ਨੂੰ ਰਚ ਮਿਚ ਜਾਣ ਅਤੇ ਆਰਾਮਦਾਇਕ ਮਹਿਸੂਸ ਕਰਨ ਵਿੱਚ ਸਹਾਇਕ ਹੋਵੇ।

- ਪਹਿਲੇ ਦਿਨ ਤੋਂ ਪਹਿਲਾਂ, ਤੁਸੀਂ ਅਤੇ ਤੁਹਾਡਾ ਬੱਚਾ ਸਾਰੇ ਸਕੂਲ ਦਾ ਚੱਕਰ ਲਾਕੇ, ਜਮਾਤ ਦੇ ਅਧਿਆਪਕ ਨੂੰ ਮਿਲ ਸਕਦੇ ਹੋ।
- ਜਦੋਂ ਇੱਕ ਸ਼ਰਨਾਰਥੀ ਬੱਚਾ ਆਉਂਦਾ ਹੈ, ਤਾਂ ਸਾਰੇ ਸਕੂਲ ਨੂੰ ਨਵੇਂ ਆਏ ਬੱਚੇ ਦੇ ਸੱਭਿਆਚਾਰ ਅਤੇ ਭਾਸ਼ਾ ਬਾਰੇ ਜਸ਼ਨ ਮਨਾਉਣ ਲਈ ਉਤਸਾਹਤ ਕੀਤਾ ਜਾਂਦਾ ਹੈ, ਤਾਂ ਜੋ ਬੱਚਾ ਘਰ ਵਰਗਾ ਮਾਹੌਲ ਹੀ ਅਨੁਭਵ ਕਰੇ।
- ਕਈ ਸਕੂਲ, ਸ਼ਰਨਾਰਥੀ ਪਰਿਵਾਰਾਂ ਲਈ, ਉਨ੍ਹਾਂ ਦੀ ਭਾਸ਼ਾ ਵਿਚ ਲਿੱਖਿਆ ਸੁਆਗਤੀ ਪੈਕ ਤਿਆਰ ਕਰਦੇ ਹਨ।
- ਹਰ ਸਾਲ ਦੇਸ਼ ਭਰ ਵਿੱਚ ਸਕੂਲ ਨੈਸ਼ਨਲ ਰਿਫਿਊਜੀ ਵੀਕ (National Refugee Week) ਮਨਾਂਉਂਦੇ ਹਨ। ਇਸ ਨਾਲ ਹਰ ਇੱਕ ਨੂੰ ਵੱਖ ਵੱਖ ਸੱਭਿਆਚਾਰਾਂ, ਭਾਸ਼ਾਵਾਂ, ਧਰਮਾਂ ਅਤੇ ਵਿਸ਼ਵਾਸ਼ਾਂ ਨੂੰ ਸਵੀਕਾਰ ਕਰਨ ਵਿੱਚ ਸਹਾਇਤਾ ਮਿਲਦੀ ਹੈ।
- ਸ਼ਰਨਾਰਥੀ ਬੱਚੇ ਜਦੋਂ ਸਕੂਲ ਸ਼ੁਰੂ ਕਰਦੇ ਹਨ, ਉਨ੍ਹਾਂ ਨੂੰ ਇਕ 'ਦੋਸਤ' ਮਿਲਦਾ ਹੈ। ਉਹ ਇੱਕ ਹੋਰ ਵਿਦਿਆਰਥੀ ਹੁੰਦਾ ਹੈ, ਜੋ ਉਸਨੂੰ ਸਭ ਨਾਲ ਘੁਲ ਮਿਲ ਜਾਣ ਅਤੇ ਦੋਸਤ ਬਣਾਉਣ ਵਿਚ ਮਦਦ ਕਰਦਾ ਹੈ।
- ਸਕੂਲ, ਇੱਕੋ ਦੇਸ਼ ਦੇ ਬੱਚਿਆਂ ਵਿਚਕਾਰ ਸੰਪਰਕ ਨੂੰ ਉਤਸਾਹਤ ਕਰਦਾ ਹੈ।
- ਵਿਦਿਆਰਥੀਆਂ ਅਤੇ ਅਧਿਆਪਕਾਂ ਦੀ ਇੱਕ ਦੂਜੇ ਨੂੰ ਸਮਝਣ ਵਿਚ ਸਹਾਇਤਾ ਲਈ ਦੋ-ਭਾਸ਼ਾਈ ਡਿਕਸ਼ਨਰੀਆਂ ਆਮ ਤੌਰ ਤੇ ਉਪਲਬਧ ਹੁੰਦੀਆਂ ਹਨ।
- ਛੋਟੇ ਬੱਚੇ ਆਪਣੀਆਂ ਭਾਵਨਾਵਾਂ ਨੂੰ ਖੇਡ ਰਾਹੀਂ ਜ਼ਾਹਿਰ ਕਰਨਾ ਅਤੇ ਵਿਸ਼ਵਾਸ਼ ਕਰਨਾ ਸਿੱਖਣ ਦੇ ਯੋਗ ਹੋਣਗੇ।

## ਅੰਗਰੇਜ਼ੀ ਸਿੱਖਣੀ

ਤੁਹਾਡੇ ਬੱਚੇ ਨੂੰ ਅੰਗਰੇਜ਼ੀ ਸਿੱਖਣ ਲਈ ਉਤਸਾਹਤ ਕੀਤਾ ਜਾਏਗਾ। ਪਹਿਲਾਂ ਪਹਿਲ ਉਹ ਸਿਰਫ਼ ਅਧਿਆਪਕਾਂ ਅਤੇ ਹੋਰ ਵਿਦਿਆਰਥੀਆਂ ਨੂੰ ਗੱਲਾਂ ਕਰਦਿਆਂ ਸੁਣੇਗਾ ਅਤੇ ਨਾਲ ਹੀ ਉਹ ਨਵੀਆਂ ਆਵਾਜ਼ਾਂ ਅਤੇ ਸ਼ਬਦ ਸਿੱਖਣਾ ਸ਼ੁਰੂ ਕਰ ਦਏਗਾ।

- ਸ਼ਰਨਾਰਥੀ ਬੱਚਿਆਂ ਨੂੰ ਅੰਗਰੇਜ਼ੀ ਸਿੱਖਣ ਦੇ ਦੌਰਾਨ, ਆਪਣੀ ਮਾਤ ਭਾਸ਼ਾ ਵਿੱਚ ਗੱਲ ਕਰਨ ਲਈ ਪ੍ਰੇਰਿਤ ਕੀਤਾ ਜਾਂਦਾ ਹੈ। ਇਸ ਨਾਲ ਉਨ੍ਹਾਂ ਨੂੰ ਆਪਣੀ ਪਛਾਣ ਯਾਦ ਰੱਖਣ ਵਿਚ ਸਹਾਇਤਾ ਮਿਲਦੀ ਹੈ।
- ਬਹੁਤੀਆਂ ਸਥਾਨਕ ਲਾਇਬ੍ਰੇਰੀਆਂ ਵਿਚ ਹੋਰ ਭਾਸ਼ਾਵਾਂ ਵਿਚ ਕਿਤਾਬਾਂ ਹੁੰਦੀਆਂ ਹਨ। ਤੁਸੀਂ ਉੱਥੋਂ ਆਪਣੇ ਬੱਚੇ ਨਾਲ ਇਕੱਠਿਆਂ ਪੜ੍ਹਨ ਲਈ ਆਪਣੀ ਮਾਤ ਭਾਸ਼ਾ ਵਿਚ ਕਿਤਾਬਾਂ ਉਧਾਰ ਲੈ ਸਕਦੇ ਹੋ।
- ਇਹ ਅਹਿਮ ਹੈ, ਕਿ ਸ਼ਰਨਾਰਥੀ ਬੱਚੇ ਆਪਣੀ ਵਿਰਾਸਤ, ਸੱਭਿਆਚਾਰ ਅਤੇ ਭਾਸ਼ਾ ਨੂੰ ਨਾ ਭੁੱਲਣ ਕਿਉਂਕਿ ਉਹ ਭਵਿੱਖ ਵਿੱਚ ਉੱਥੇ ਵਾਪਸ ਵੀ ਜਾ ਸਕਦੇ ਹਨ।

- ਸਕੂਲਾਂ ਦਾ ਆਮ ਤੌਰ ਤੇ ਵਿਸ਼ੇਸ਼ ਸਟਾਫ਼ ਹੁੰਦਾ ਹੈ, ਜੋ ਬੱਚਿਆਂ ਦੀ ਭਾਸ਼ਾ ਵਿੱਚ ਉਨ੍ਹਾਂ ਨਾਲ ਗੱਲ ਕਰ ਸਕਦਾ ਹੈ।
- ਯੂ.ਕੇ. ਵਿਚ ਆਉਣ ਵਾਲੇ ਜਿਹੜੇ ਬੱਚਿਆਂ ਨੂੰ ਭਾਸ਼ਾ ਵਿੱਚ ਉੱਚੀ ਪੱਧਰ ਦੀ ਕੁਸ਼ਲਤਾ ਹੁੰਦੀ ਹੈ, ਉਨ੍ਹਾਂ ਨੂੰ ਅਕਸਰ ਅੰਗਰੇਜ਼ੀ ਬੜੀ ਜਲਦੀ ਆਉਂਦੀ ਹੈ।

## ਸਕੂਲ ਮਾਤਾ-ਪਿਤਾ ਲਈ ਵੀ ਹਨ !

- ਯੂ.ਕੇ. ਦੇ ਪ੍ਰਾਇਮਰੀ ਸਕੂਲ ਕਿਰਿਆਸ਼ੀਲਤਾ ਨਾਲ ਮਾਤਾ-ਪਿਤਾ ਨੂੰ ਸ਼ਾਮਲ ਹੋਣ ਲਈ ਉਤਸਾਹਤ ਕਰਦੇ ਹਨ।
- ਤੁਹਾਨੂੰ ਅਧਿਆਪਕਾਂ ਅਤੇ ਹੋਰ ਮਾਪਿਆਂ ਨੂੰ ਮਿਲਣ ਲਈ ਸਕੂਲ ਵਿੱਚ ਬਾਕਾਇਦਾ ਆਉਣ ਲਈ ਸੱਦਾ ਭੇਜਿਆ ਜਾਏਗਾ। ਸਕੂਲਾਂ ਵਿੱਚ ਮੇਲੇ, ਓਪਨ ਡੇਅ, ਸਪੋਰਟਸ ਡੇਅ, ਅਤੇ ਮਾਤਾ-ਪਿਤਾ ਲਈ ਸ਼ਾਮਾਂ, ਮਨਾਉਣ ਦਾ ਇੰਤਜ਼ਾਮ ਕੀਤਾ ਜਾਂਦਾ ਹੈ, ਜਿੱਥੇ ਪਰਿਵਾਰ ਸਕੂਲ ਵਿੱਚ ਆ ਸਕਦੇ ਹਨ। ਜ਼ਰੂਰਤ ਪੈਣ ਤੇ ਦੁਭਾਸ਼ੀਏ ਤੇ ਅਨੁਵਾਦ ਹਮੇਸ਼ਾ ਉਪਲਬਧ ਕਰਾਏ ਜਾਣਗੇ।
- ਤੁਸੀਂ ਸਟਾਫ਼ ਦੇ ਕਿਸੇ ਮੈਂਬਰ ਜਾਂ ਅਧਿਆਪਕ ਨਾਲ ਗੱਲ ਕਰਨ ਲਈ ਕਿਸੇ ਵੇਲੇ ਵੀ ਅਪਾਇੰਟਮੈਂਟ ਲੈ ਸਕਦੇ ਹੋ।
- ਤੁਹਾਨੂੰ ਚਿੱਠੀਆਂ ਅਤੇ ਸਰਟੀਫ਼ਿਕੇਟਾਂ ਰਾਹੀਂ, ਪਤਾ ਲੱਗ ਜਾਏਗਾ ਕਿ ਤੁਹਾਡਾ ਬੱਚਾ ਸਕੂਲ ਵਿੱਚ ਕਿਸ ਤਰ੍ਹਾਂ ਚੱਲ ਰਿਹਾ ਹੈ ਅਤੇ ਜੇ ਲੋੜ ਹੋਈ ਤਾਂ ਸਰਟੀਫ਼ਿਕੇਟਾਂ ਦਾ ਅਨੁਵਾਦ ਭੇਜਿਆ ਜਾ ਸਕਦਾ ਹੈ।
- ਆਮ ਤੌਰ ਤੇ ਸਕੂਲਾਂ ਵਿੱਚ ਵਿਸ਼ੇਸ਼ ਕਮਰੇ ਹੁੰਦੇ ਹਨ, ਜਿੱਥੇ ਮਾਤਾ-ਪਿਤਾ ਮਿਲ ਸਕਦੇ ਹਨ ਅਤੇ ਮਾਤਾ-ਪਿਤਾ ਲਈ ਕੌਫ਼ੀ ਮੋਰਨਿੰਗਸ ਜਾਂ ਸਿਰਫ਼ ਸ਼ਰਨਾਰਥੀ ਪਰਿਵਾਰਾਂ ਦੀ ਇੱਕ ਦੂਜੇ ਨਾਲ ਮੁਲਾਕਾਤ ਕਰਵਾਉਣ ਲਈ ਕੋਈ ਸਮਾਰੋਹ ਵੀ ਕੀਤਾ ਜਾ ਸਕਦਾ ਹੈ।

## ਸਕੂਲ ਅਤੇ ਵਿਆਪਕ ਭਾਈਚਾਰਾ

ਸਕੂਲ ਸਿਰਫ਼ ਬੱਚਿਆਂ ਦੀ ਸਿੱਖਿਆ ਲਈ ਹੀ ਨਹੀਂ ਹਨ। ਸਟਾਫ਼ ਉਨ੍ਹਾਂ ਸਥਾਨਕ ਸੇਵਾਵਾਂ ਅਤੇ ਸ਼ਰਨਾਰਥੀ ਸੰਸਥਾਵਾਂ ਨਾਲ ਤੁਹਾਡਾ ਸੰਪਰਕ ਕਰਵਾ ਸਕਦਾ ਹੈ, ਜੋ ਤੁਹਾਡੀ ਹੇਠ ਲਿੱਖਿਆਂ ਵਿੱਚ ਸਹਾਇਤਾ ਕਰ ਸਕਦੀਆਂ ਹਨ :

- ਘਰਾਂ ਬਾਰੇ
- ਨੌਕਰੀ ਲੱਭਣ ਵਿਚ
- ਫ਼ਾਇਦੇ ਲੈਣ ਵਿੱਚ
- ਕਾਨੂੰਨੀ ਅਤੇ ਇਮੀਗਰੇਸ਼ਨ ਮੁੱਦਿਆਂ ਬਾਰੇ
- ਅੰਗਰੇਜ਼ੀ ਸਿੱਖਣ ਵਿੱਚ ਮਦਦ ਕਰਨ ਵਿੱਚ
- ਸਿਹਤ ਸੰਭਾਲ ਅਤੇ ਕਿਸੇ ਡਾਕਟਰ ਕੋਲ ਰਜਿਸਟਰ ਹੋਣ ਵਿੱਚ
- ਸਥਾਨਕ ਯੂਥ ਕਲੱਬਾਂ ਬਾਰੇ
- ਛੁੱਟੀਆਂ ਲਈ ਪ੍ਰਾਜੈਕਟਾਂ ਬਾਰੇ
- ਖੇਡਾਂ ਦੀਆਂ ਸਰਗਰਮੀਆਂ ਵਿੱਚ
- ਔਰਤਾਂ ਦੇ ਗਰੁੱਪਾਂ ਬਾਰੇ
- ਸੱਭਿਆਚਾਰਕ ਸਮਾਗਮਾਂ ਬਾਰੇ

### ਹੋਰ ਵੱਧ ਜਾਣਕਾਰੀ ਅਤੇ ਸਲਾਹ ਲਈ :

**Refugee Action –** ਫ਼ੋਨ : 020 7654 7700 ਵੈਬਸਾਈਟ : www.refugee-action.org.uk
**The Refugee Council –** ਫ਼ੋਨ : 020 7346 6777 ਵੈਬਸਾਈਟ : www.refugeecouncil.org.uk
**Department for Education and Skills –** ਵੈਬਸਾਈਟ : www.dfes.gov.uk
**Parentline –** ਟੈਲੀਫ਼ੋਨ : 0808 800 2222 ਵੈਬਸਾਈਟ : www.parentlineplus.org.uk

*ਕਿਰਪਾ ਕਰਕੇ ਇੱਥੇ ਹੋਰ ਸਥਾਨਕ ਜਾਣਕਾਰੀ ਅਤੇ ਸੰਪਰਕ ਵੇਰਵੇ ਲਿਖੋ*

© ਕਰਾਊਨ ਕਾੱਪੀਰਾਈਟ ਅਗਸਤ 2006